# ਦਿਹੰਦ ਸੁਈ

**ਮਃ ੧ ॥**

**ਨ ਰਿਜਕੁ ਦਸਤ ਆ ਕਸੇ ॥ ਹਮਾ ਰਾ ਏਕੁ ਆਸ ਵਸੇ ॥**

ਇਹ ਪੰਕਤੀਆਂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ, 'ਵਾਰ ਮਾਝ ਕੀ', ਦੀ ੧੩ਵੀਂ ਪਉੜੀ ਦੇ ਨਾਲ, ਤੀਜਾ ਸਲੋਕ ਹਨ। ਇਹ ਸਲੋਕ ਵੀ, ਸ੍ਰੀ ਗੁਰੂ ਨਾਨਕ ਸਾਹਿਬ ਦਾ ਹੀ ਉਚਾਰਣ ਕੀਤਾ ਹੋਇਆ ਹੈ, ਜੋ, ਅੰਕ ੧੪੪ ਤੇ ਸੁਭਾਇਮਾਨ ਹੈ। ਜਿਵੇਂ ਕਿ, ਪਿਛਲੇ ਸਲੋਕਾਂ ਦੀ ਵਿਆਖਿਆ ਦੌਰਾਨ ਦਸਿਆ ਜਾ ਚੁਕਿਆ ਹੈ ਕਿ, ਅਸਲ ਵਾਰ, ਪਉੜੀਆਂ ਹੀ ਹੁੰਦੀਆਂ ਹਨ। ਸਲੋਕਾਂ ਨੂੰ, ਸ੍ਰੀ ਗੁਰੂ ਅਰਜਨ ਸਾਹਿਬ ਨੇ, ਹਰ ਇਕ ਪਉੜੀ ਦਾ ਭਾਵ ਸਪੱਸ਼ਟ ਕਰਨ ਲਈ ਹੀ ਨਾਲ ਜੋੜਿਆ ਸੀ।

ਇਸ ੧੩ਵੀਂ ਪਉੜੀ ਦੇ ਸਾਰੇ ਸਲੋਕ, ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਨੇ, ਅਕਾਲ ਪੁਰਖ ਦੀ ਉਸਤਤਿ ਵਿਚ, ਉਸ ਦੇ ਰੰਗ ਵਿਚ, ਅਤਿਅੰਤ ਵਿਸਮਾਦ ਦੀ ਅਵੱਸਥਾ ਵਿਚ, ਉਚਾਰਣ ਕੀਤੇ ਹਨ। ਠੀਕ ਇਸੇ ਅਵੱਸਥਾ ਵਿਚ ਦਸਮ ਪਾਤਸ਼ਾਹ ਨੇ 'ਤੁਹੀ ਤੁਹੀ॥...' ਦਾ ਅਲਾਪ ਕੀਤਾ ਸੀ ਜਿਸਦਾ ਅੰਸ, ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਵੀ ਅੰਕਤ ਹੈ।

**ਰਿਜਕ – ਰੋਜ਼ੀ, ਉਪਜੀਵਕਾ; ਦਸਤ – ਹਥ, in control of; ਆ – ਹੋਰ; ਕਸੇ – ਕੋਈ; ਹਮਾ ਰਾ – ਸਭ ਤਾਈਂ, ਨੂੰ**

**ਅਰਥ :** – ਹਰ ਕਿਸੇ ਦੀ ਰੋਜ਼ੀ, ਉਪਜੀਵਕਾ, ਇਕ ਪ੍ਰਭੂ ਦੇ ਹੀ ਹਥ ਵਿਚ ਹੈ, ਉਸ ਤੋਂ ਬਿਨਾਂ ਹੋਰ ਕਿਸੇ ਦੇ ਨਹੀਂ। ਸਭ ਤਾਈਂ, ਸਭ ਨੂੰ ਬਸ ਇਕ ਸੁਆਮੀ, ਪ੍ਰਭੂ ਦੀ ਹੀ ਆਸ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਇਸੇ ਤਰ੍ਹਾਂ ਦਾ ਵਾਕ ਹੈ ਕਿ ਰਿਜ਼ਕ ਦੇਣ ਦਾ ਕੰਮ, ਉਸ ਪਿਆਰੇ ਪ੍ਰਭੂ ਦਾ ਆਪਣਾ ਹੀ ਹੈ, ਹੋਰ ਕਿਸੇ ਦਾ ਨਹੀਂ – 'ਸਭਨਾ ਰਿਜਕੁ ਸਮਾਹਦਾ ਪਿਆਰਾ ਦੂਜਾ ਅਵਰੁ ਨ ਕੋਇ॥', ਅੰਕ ੬੦੫. ਪਾਤਸ਼ਾਹ ਦੇ ਹੀ ਵਾਕ ਹਨ ਕਿ ਸਾਰੇ ਵਾਹਗੁਰੂ ਤੋਂ ਹੀ ਮੰਗਦੇ ਹਨ, ਉਹ ਸਾਰਿਆਂ ਨੂੰ ਦਾਤ ਬਖਸ਼ਦਾ ਹੈ। ਸਾਰਿਆਂ ਦੀ, ਉਹ ਵਾਹਿਗੁਰੂ ਹੀ ਇਕ ਆਸ ਹੈ – 'ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ॥..ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ ਸਭਿ ਤੁਝਹਿ ਧਿਆਵਹਿ ਮੇਰੇ ਸਾਹ॥', ਅੰਕ ੬੭੦. ਸ੍ਰੀ ਗੁਰੂ ਅਰਜਨ ਸਾਹਿਬ ਨੇ ਮਿਹਰ ਕਰਕੇ ਸਾਨੂੰ, ਪ੍ਰਭੂ ਦੀ ਸਿਫ਼ਤ ਦਸੀ ਹੈ ਕਿ ਸਾਰੀ ਕਾਇਨਾਤ ਉਸੇ ਦੀ ਆਸ ਤੇ ਅਤੇ ਆਸਰੇ ਤੇ ਟਿਕੀ ਹੋਈ ਹੈ ਅਤੇ ਉਹ ਹਰ ਇਕ ਵਿਚ ਆਪ ਹੀ ਵਿਦਮਾਨ ਹੈ, ਵਸ ਰਿਹਾ ਹੈ – 'ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰ ਹੈ ਵੁਠਾ॥', ਅੰਕ ੯੭. ਦਸਵੇਂ ਪਾਤਸ਼ਾਹ ਦਾ ਵੀ ਬਚਿਤ੍ਰ ਨਾਟਕ ਵਿਚ ਹੁਕਮ ਹੈ – 'ਅਵਰਨ ਕੀ ਆਸਾ ਕਿਛੁ ਨਾਹੀ॥ ਏਕੈ ਆਸ ਧਰੋ ਮਨ ਮਾਹੀ॥' 'ਜਾਪੁ' ਸਾਹਿਬ ਵਿਚ ਪਰਮੇਸ਼ਰ ਦੀ ਸਿਫ਼ਤ ਇੰਵ ਕੀਤੀ ਹੈ ਕਿ ਉਹ ਦਇਆ ਕਰ ਕੇ ਸਭ ਨੂੰ ਰੋਜ਼ੀ ਦੇਣ ਵਾਲਾ ਹੈ – 'ਕਿ ਰੋਜ਼ੀ ਦਿਹਿੰਦ ਹੈ॥..ਕਿ ਰਾਜ਼ਕ ਰਹਿੰਦ ਹੈ॥'

**ਅਸਤਿ ਏਕੁ ਦਿਗਰ ਕੁਈ॥**

**ਅਰਥ :** – ਸਦਾ ਥਿਰ ਰਹਿਣ ਵਾਲਾ ਸਿਰਫ਼ ਇਕ ਹੀ ਹੈ। ਹੋਰ ਦੂਜਾ ਕੌਣ ਹੋ ਸਕਦਾ ਹੈ ! ਭਾਵ, ਕੋਈ ਹੋਰ ਦੂਜਾ ਸਦਾ ਲਈ ਥਿਰ ਨਹੀਂ ਹੈ। ਸਿਰਫ਼ ਤੇ ਸਿਰਫ਼ ਇਕ ਪਰਮਾਤਮਾ ਹੀ ਅਟੱਲ ਹੈ, ਸਦਾ ਰਹਿਣ ਵਾਲਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿਚ ੧੯ਵੀਂ ਅਸਟਪਦੀ ਦੇ ਆਖਰੀ ਪਦੇ ਵਿਚ ਉਚਾਰਣ ਕੀਤਾ ਹੈ – 'ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥', ਭਾਵ, ਉਹ ਪ੍ਰਭੂ, ਸਿਰਫ਼, ਇਕੋ ਇਕ ਆਪ ਹੀ ਹੈ ਅਤੇ ਪਰੀ-ਪੂਰਣ ਹੈ ਅਤੇ

ਹਰ ਪਾਸੇ, ਹਰ ਥਾਂ ਆਪ ਹੀ ਵਿਆਪ ਰਿਹਾ ਹੈ। ਮਹਾਰਾਜ ਨੇ, ੭੧੦ ਪੰਨੇ ਤੇ ਵੀ ਫ਼ੁਰਮਾਣ ਕੀਤਾ ਹੈ ਕਿ ਇਕੋ ਉਹੀ ਪ੍ਰਭੂ ਹੀ ਹੈ ਜੋ ਹਰ ਪਾਸੇ ਸਭ ਕੁਝ ਕਰਦਾ ਵੇਖਿਆ ਅਤੇ ਸੁਣਿਆ ਜਾ ਸਕਦਾ ਹੈ। ਉਹ ਇਕੋ ਆਪ ਹੀ ਹੈ ਜੋ ਹਰ ਥਾਂ ਵਰਤ ਰਿਹਾ ਹੈ, ਉਹੀ ਇਕ ਸਾਰੇ ਨਰਾਂ, ਭਾਵ, ਜੀਵਾਂ ਦਾ ਸੁਆਮੀ ਹੈ - 'ਦ੍ਰਿਸ਼ਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ॥'

ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੯੬੬ ਤੇ, ਫ਼ੁਰਮਾਣ ਕੀਤਾ ਹੈ ਕਿ ਇਕੋ, ਪ੍ਰਭੂ ਹੀ ਸਭ ਪਾਸੇ ਮੌਜੂਦ ਵੀ ਹੈ ਤੇ ਸਭ ਕੁਝ ਉਹੀ ਕਰ ਰਿਹਾ ਹੈ, ਉਸ ਇਕ ਤੋਂ ਬਿਨਾਂ ਹੋਰ ਕੋਈ ਕੁਝ ਹੈ ਹੀ ਨਹੀਂ - 'ਨਾਨਕ ਵਰਤੈ ਇਕੁ ਇਕੋ ਇਕੁ ਤੂੰ॥'

**ਏਕ ਤੁਈ ਏਕੁ ਤੁਈ॥੫॥**

**ਅਰਥ :** - ਹੇ ਵਾਹਗੁਰੂ ! ਇਕ ਤੂੰ ਹੀ ਹੈਂ, ਇਕ ਤੂੰ ਹੀ ਹੈ, ਹੋਰ ਕੁਝ ਵੀ ਨਹੀਂ, ਭਾਵ, ਹੋਰ ਕੁਝ ਵੀ ਹੋਂਦ ਨਹੀਂ ਰਖਦਾ।੨। ਭਾਵ, ਇਕ ਪਰਮਾਤਮਾ ਹੀ ਸਦਾ ਰਹਿਣ ਵਾਲਾ ਹੈ, ਹੋਰ ਕੋਈ ਨਹੀਂ। ਇਸ ਕਰਕੇ ਇਹੀ ਜਪੋ ਕਿ 'ਏਕ ਤੁਈ ਏਕ ਤੁਈ........'

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੨੯੧ ਤੇ, ਫ਼ੁਰਮਾਣ ਕਰਦੇ ਹਨ ਕਿ ਪਰਮੇਸ਼ਰ ਇਕੱਲਾ ਆਪ ਹੀ ਸਭ ਪਾਸੇ, ਸਭ ਕੁਝ ਕਰ ਰਿਹਾ ਹੈ, ਸਮਾਇਆ ਹੋਇਆ ਹੈ ਅਤੇ ਸਾਰੀ ਬਣਤ, ਰਚਨਾ ਉਸ ਦੀ ਆਪਣੀ ਹੀ ਬਣਾਈ ਹੋਈ ਹੈ। ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ, ਉਹ ਆਪ ਹੀ ਸਭ ਪਾਸੇ ਸਮਾਇਆ ਹੋਇਆ ਹੈ - 'ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥'

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੩੬ ਤੇ, ਫ਼ੁਰਮਾਣ ਕਰਦੇ ਹਨ ਕਿ ਇਕੋ ਪ੍ਰਭੂ ਹੀ ਦਾਤਾ ਹੈ ਜੋ ਹਰ ਥਾਂ ਤੇ ਸਭ ਕੁਝ ਕਰ ਰਿਹਾ ਹੈ, ਹੋਰ ਦੂਜਾ ਕੋਈ ਨਹੀਂ ਹੈ। ਜੇ ਉਸੇ ਦਾ ਹੀ, ਗੁਰੂ ਦੇ ਦਿਤੇ ਸ਼ਬਦ, ਭਾਵ, ਗੁਰ ਮੰਤਰ ਰਾਹੀਂ ਨਾਮ ਜਪ ਕੇ, ਉਹ ਮਨ ਵਿਚ ਵਸ ਜਾਏ ਤਾਂ ਸਹਿਜ ਅਵੱਸਥਾ ਦਾ ਸੁਖ ਪ੍ਰਾਪਤ ਹੋ ਜਾਏ - 'ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ॥ ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ॥'

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੨੧੧ ਤੇ, ਉਪਦੇਸ਼ ਕਰਦੇ ਹਨ ਕਿ ਸਭ ਕੁਝ ਕਰਣ ਦੀ ਸਮਰਥਾ, ਸਿਰਫ਼, ਵਾਹਗੁਰੂ ਵਿਚ ਹੀ ਹੈ, ਸਾਰੇ ਜੀਆਂ ਦਾ ਉਹੀ ਇਕ ਆਸਰਾ ਹੈ - 'ਕਰਨ ਕਰਾਵਨ ਤੁਹੀ ਏਕ॥ ਜੀਅ ਜੰਤ ਕੀ ਤੁਹੀ ਟੇਕ॥' ਨਾਲ ਹੀ ੨੧੨ ਪੰਨੇ ਤੇ, ਬਚਨ ਕੀਤਾ ਹੈ ਕਿ ਕਿਉਂਕਿ ਇਕੋ ਹੀ ਸਹਾਰਾ ਤੇ ਆਸਰਾ ਹੈ, ਇਸ ਕਰ ਕੇ ਮੈਂ ਤਾਂ ਉਸ ਹਰੀ ਪ੍ਰਭੂ ਦੇ ਨਾਮ ਜਪਣ ਦੀ ਕਾਰ, ਭਾਵ, ਕੰਮ ਨੂੰ ਫ਼ੜ ਲਿਆ ਹੈ - 'ਏਕ ਟੇਕ ਏਕੋ ਆਧਾਰਾ॥ ਜਨ ਨਾਨਕ ਹਰਿ ਕੀ ਲਾਗਾ ਕਾਰਾ॥' ੮੮੪ ਪੰਨੇ ਤੇ, ਇੰਞ ਫ਼ੁਰਮਾਣ ਕਰਦੇ ਹਨ ਕਿ ਤੂੰ ਇਕ ਹੀ ਹੈਂ, ਇਕ ਹੀ ਹੈਂ, ਤੂੰ ਹੀ ਇਕੋ ਮਾਲਕ ਹੈਂ, ਤੇਰੀ ਕਿਰਪਾ ਨਾਲ ਹੀ ਸੁਖ ਮਿਲਦਾ ਹੈ 'ਏਕੈ ਏਕੈ ਏਕ ਤੂਹੀ॥ ਏਕੈ ਏਕੈ ਤੂ ਰਾਇਆ॥ ਤਉ ਕਿਰਪਾ ਤੇ ਸੁਖ ਪਾਇਆ॥'

**ਮਃ ੧ ॥**

**ਪਰੰਦਏ ਨ ਗਿਰਾਹ ਜਰ ॥ ਦਰਖਤ ਆਬ ਆਸ ਕਰ ॥**

**ਪਰੰਦਏ – ਪੰਛੀਆਂ ਦੇ; ਗਿਰਾਹ – ਪਲੇ; ਜਰ – ਧਨ; ਆਬ – ਜਲ, ਸੁਈ – ਸੋਈ, ਉਹੀ**

**ਅਰਥ :** - ਪੰਛੀਆਂ ਦੇ ਪਲੇ, ਕੋਈ, ਸੰਚਤ ਕੀਤਾ ਧਨ ਪਦਾਰਥ ਨਹੀਂ ਹੁੰਦਾ, ਉਨ੍ਹਾਂ ਕੋਲ ਉਨ੍ਹਾਂ ਦੀ ਆਪਣੀ ਕੋਈ ਜਾਇਦਾਦ ਨਹੀਂ ਹੁੰਦੀ। The bird has nothing to call his own. ਉਹ, ਸਿਰਫ਼, ਦਰੱਖ਼ਤਾਂ ਅਤੇ ਪਾਣੀ ਤੇ ਹੀ ਆਪਣੀ ਉਮੀਦ ਰਖਦੇ ਹਨ।

ਇਥੇ ਪੰਛੀਆਂ ਦੀ ਮਿਸਾਲ ਦੇ ਕੇ ਪਾਤਸ਼ਾਹ ਸਮਝਾ ਰਹੇ ਹਨ ਕਿ ਜਿਵੇਂ ਪੰਛੀ ਕੋਈ ਮਲਕੀਅਤ ਨਹੀਂ ਮਲਦੇ, ਉਹ ਰੋਜ਼ ਦਾ ਰੋਜ਼ ਚੁਗ ਕੇ ਖਾਂਦੇ ਹਨ, ਜੋ ਪਰਮੇਸ਼ਰ ਉਨ੍ਹਾਂ ਨੂੰ ਦਈ ਜਾਂਦਾ ਹੈ। ਇਸੇ ਤਰ੍ਹਾਂ ਮਨੁਖ ਨੂੰ ਵੀ ਪਰਮੇਸ਼ਰ ਤੇ ਆਸ ਰਖਣੀ ਚਾਹੀਦੀ ਹੈ ਅਤੇ ਲੋੜ ਤੋਂ ਵਧ ਧਨ ਸੰਪਦਾ ਇਕੱਤਰ ਕਰਨ ਤੇ ਆਪਣੇ ਬਹੁਮੁਲੇ ਸਾਹ ਨਾ ਗੁਆ ਕੇ, ਪ੍ਰਭੂ ਦੀ ਬੰਦਗੀ ਤੇ ਲਗਾਣੇ ਚਾਹੀਦੇ ਹਨ। ਸ੍ਰੀ ਗੁਰੂ ਰਾਮਦਾਸ ਸਾਹਿਬ ਵੀ ਸਮਝਾ ਰਹੇ ਹਨ ਕਿ ਮਨੁਖ ਸਦਾ ਧਨ ਨੂੰ ਹੀ ਚੇਤੇ ਕਰਦਾ ਰਹਿੰਦਾ ਹੈ, ਉਸੇ ਨੂੰ ਜੋੜਦਾ ਰਹਿੰਦਾ ਹੈ, ਉਸ ਹਰੀ ਦਾਤੇ ਨੂੰ, 'ਹਰਿ ਹਰਿ...', **ਵਾਹਿਗੁਰੂ ਵਾਹਿਗੁਰੂ...** ਕਰ ਕੇ ਨਹੀਂ ਸਿਮਰਦਾ, ਨਾਮ ਰੂਪੀ ਧਨ ਨਹੀਂ ਜੋੜਦਾ, ਜਿਸ ਨੇ ਨਾਲ ਜਾਣਾ ਹੈ - 'ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ॥ ਹਰਿ ਨਾਮਾ **ਹਰਿ ਹਰਿ ਕਦੇ ਨ ਸਮਾਲੈ** ਜਿ ਹੋਵੈ ਅੰਤਿ ਸਖਾਈ॥', ਅੰਕ ੭੬.

### ਦਿਹੰਦ ਸੁਈ॥ ਏਕ ਤੁਈ ਏਕੁ ਤੁਈ॥੬॥

**ਅਰਥ :** - ਰੋਜ਼ੀ ਦੇਣ ਵਾਲਾ ਦਾਤਾ ਇਕੋ ਉਹੀ ਪ੍ਰਭੂ ਹੈ। ਹੇ ਵਾਹਗੁਰੂ ! ਇਕ ਤੂੰ ਹੀ ਹੈਂ, ਇਕ ਤੂੰ ਹੀ ਹੈਂ।੬।

ਦਸਵੇਂ ਪਾਤਸ਼ਾਹ ਨੇ, ਅਕਾਲ ਉਸਤਤਿ ਵਿਚ ਫ਼ੁਰਮਾਣ ਕੀਤਾ ਹੈ ਕਿ ਓਹੀ ਪ੍ਰਭੂ ਕਰਤਾ ਹੈ, ਕਰੀਮ ਹੈ, ਸਭ ਨੂੰ ਰਿਜ਼ਕ ਦੇਣ ਵਾਲਾ ਹੈ। ਆਪਣੇ, ਇਸ ਕੰਮ ਵਿਚ ਉਹ ਕੋਈ ਭੇਦ ਭਾਵ ਨਹੀਂ ਕਰਦਾ – 'ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨਾ ਭੇਦ ਕੋਈ ਭੂਲਿ ਭ੍ਰਮ ਮਾਨਬੋ॥'

ਇਕ ਪਰਮਾਤਮਾ ਹੀ ਸਦਾ ਰਹਿਣ ਵਾਲਾ ਹੈ, ਹੋਰ ਕੋਈ ਨਹੀਂ। ਇਸ ਕਰਕੇ ਇਹੀ ਜਪੋ ਕਿ 'ਏਕ ਤੁਈ ਏਕ ਤੁਈ..........'

ਸ੍ਰੀ ਗੁਰੂ ਨਾਨਕ ਸਾਹਿਬ, ਅੰਕ ੧੨੯੧ ਤੇ, ਫ਼ੁਰਮਾਣ ਕਰਦੇ ਹਨ ਕਿ ਪਰਮੇਸ਼ਰ ਇਕੱਲਾ ਆਪ ਹੀ ਸਭ ਪਾਸੇ ਸਭ ਕੁਝ ਕਰ ਰਿਹਾ ਹੈ, ਸਮਾਇਆ ਹੋਇਆ ਹੈ ਅਤੇ ਸਾਰੀ ਬਣਤ, ਰਚਨਾ ਉਸ ਦੀ ਆਪਣੀ ਹੀ ਬਣਾਈ ਹੋਈ ਹੈ। ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ, ਉਹ ਆਪ ਹੀ ਸਭ ਪਾਸੇ ਸਮਾਇਆ ਹੋਇਆ ਹੈ - 'ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥'

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੩੬ ਤੇ, ਫ਼ੁਰਮਾਣ ਕਰਦੇ ਹਨ ਕਿ ਇਕੋ ਪ੍ਰਭੂ ਹੀ ਦਾਤਾ ਹੈ ਜੋ ਹਰ ਥਾਂ ਤੇ ਸਭ ਕੁਝ ਕਰ ਰਿਹਾ ਹੈ, ਹੋਰ ਦੂਜਾ ਕੋਈ ਨਹੀਂ ਹੈ। ਜੇ ਉਸੇ ਦਾ ਹੀ, ਗੁਰੂ ਦੇ ਦਿਤੇ ਸ਼ਬਦ, ਭਾਵ, ਗੁਰ ਮੰਤਰ ਰਾਹੀਂ ਨਾਮ ਜਪ ਕੇ, ਉਹ ਮਨ ਵਿਚ ਵਸ ਜਾਏ ਤਾਂ ਸਹਿਜ ਅਵੱਸਥਾ ਦਾ ਸੁਖ ਪ੍ਰਾਪਤ ਹੋ ਜਾਏ - 'ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ॥ ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ॥'

ਸ੍ਰੀ ਗੁਰੂ ਅਰਜਨ ਸਾਹਿਬ, ੮੯੪ ਅੰਕ ਤੇ ਫੁਰਮਾਣ ਕਰਦੇ ਹਨ ਕਿ ਤੂੰ ਇਕ ਹੀ ਹੈਂ, ਇਕ ਹੀ ਹੈਂ, ਤੂੰ ਹੀ ਇਕੋ ਮਾਲਕ ਹੈਂ, ਤੇਰੀ ਕਿਰਪਾ ਨਾਲ ਹੀ ਸੁਖ ਮਿਲਦਾ ਹੈ - 'ਏਕੈ ਏਕੈ ਏਕ ਤੂਹੀ॥ ਏਕੈ ਏਕੈ ਤੂ ਰਾਇਆ॥ ਤਉ ਕਿਰਪਾ ਤੇ ਸੁਖ ਪਾਇਆ॥'

ਇਨ੍ਹਾਂ ਸਾਰੇ ਸਲੋਕਾਂ ਵਿਚ, ਫ਼ਾਰਸੀ ਭਾਖਾ ਵਿਚ, ਹਰੀ ਪ੍ਰਭੂ ਦੀ ਸਿਫ਼ਤ ਕੀਤੀ ਗਈ ਹੈ ਕਿ ਉਹੀ ਇਕੋ ਇਕ ਹੈ, ਉਹੀ ਕਰਤਾ ਧਰਤਾ, ਸਭ ਕੁਝ ਹੈ, ਇਹ, ਗੁਰੂ ਸਾਹਿਬ ਦਾ ਸੰਕੇਤਕ ਉਪਦੇਸ਼ ਹੈ ਕਿ ਉਸ ਦੇ ਨਾਮ ਜਪਣ ਵਿਚ ਜੁਟ ਜਾਈਏ। ਇਸ ਲਈ, ਆਓ ਜੀ ਅਸੀਂ ਵੀ ਜਪੀਏ - ਤੁਹੀ ਤੁਹੀ॥ ਤੁਹੀ ਤੁਹੀ॥......